ਮਿੱਠੇ ਬੱਚੇ:- "ਮਿੱਠੇ ਬੱਚੇ ਯਾਦ ਦੀ ਯਾਤਰਾ ਨਾਲ ਹੀ ਤੁਹਾਡੀ ਕਮਾਈ ਜਮ੍ਹਾਂ ਹੁੰਦੀ ਹੈ, ਤੁਸੀਂ ਘਾਟੇ ਤੋਂ ਫਾਇਦੇ ਵਿੱਚ ਆਉਂਦੇ ਹੋ, ਵਿਸ਼ਵ ਦੇ ਮਾਲਿਕ ਬਣਦੇ ਹੋ"

ਪ੍ਰਸ਼ਨ:- ਸਤ ਦਾ ਸੰਗ ਤਾਰੇ ਕੁਸੰਗ ਬੋਰੇ - ਇਸ ਦਾ ਕੀ ਅਰਥ ਹੈ?

ਉੱਤਰ:- ਜਦ ਤੁਹਾਨੂੰ ਬੱਚਿਆਂ ਨੂੰ ਸਤ ਦਾ ਸੰਗ ਮਤਲਬ ਬਾਪ ਦਾ ਸੰਗ ਮਿਲਦਾ ਹੈ ਤਾਂ ਤੁਹਾਡੀ ਚੜ੍ਹਦੀ ਕਲਾ ਹੋ ਜਾਂਦੀ ਹੈ। ਰਾਵਣ ਦਾ ਸੰਗ ਕੁਸੰਗ ਹੈ, ਉਸ ਦੇ ਸੰਗ ਨਾਲ ਤੁਸੀਂ ਥੱਲੇ ਡਿੱਗਦੇ ਹੋ ਮਤਲਬ ਰਾਵਣ ਤੁਹਾਨੂੰ ਡੁਬਾਉਂਦਾ ਹੈ, ਬਾਪ ਪਾਰ ਲੈ ਜਾਂਦਾ ਹੈ। ਬਾਪ ਦੀ ਵੀ ਕਮਾਲ ਹੈ ਜੋ ਸੈਕੇਂਡ ਵਿੱਚ ਇਵੇਂ ਸੰਗ ਦਿੰਦੇ ਜਿਸ ਨਾਲ ਤੁਹਾਡੀ ਗਤੀ ਸਦਗਤੀ ਹੋ ਜਾਂਦੀ ਹੈ, ਇਸਲਈ ਉਸ ਨੂੰ ਜਾਦੂਗਰ ਵੀ ਕਿਹਾ ਜਾਂਦਾ ਹੈ।

ਓਮ ਸ਼ਾਂਤੀ। ਬੱਚੇ ਯਾਦ ਵਿੱਚ ਬੈਠੇ ਸੀ ਇਸ ਨੂੰ ਕਿਹਾ ਜਾਂਦਾ ਹੈ ਯਾਦ ਦੀ ਯਾਤਰਾ। ਬਾਪ ਕਹਿੰਦੇ ਹਨ ਯੋਗ ਅੱਖਰ ਕੰਮ ਵਿੱਚ ਨਾ ਲਿਆਓ। ਬਾਪ ਨੂੰ ਯਾਦ ਕਰੋ, ਉਹ ਹੈ ਆਤਮਾਵਾਂ ਦਾ ਬਾਪ, ਪਰਮਪਿਤਾ, ਪਤਿਤ - ਪਾਵਨ। ਉਸ ਪਤਿਤ - ਪਾਵਨ ਨੂੰ ਹੀ ਯਾਦ ਕਰਨਾ ਹੈ। ਬਾਪ ਕਹਿੰਦੇ ਹਨ ਦੇਹ ਦੇ ਸਾਰੇ ਸੰਬੰਧ ਛੱਡ ਇੱਕ ਬਾਪ ਨੂੰ ਯਾਦ ਕਰੋ। ਕਹਿੰਦੇ ਹਨ ਨਾ ਆਪ ਮੁਏ ਮਰ ਗਈ ਦੁਨੀਆਂ… ਦੇਹ ਸਹਿਤ ਦੇਹ ਦੇ ਜੋ ਵੀ ਸੰਬੰਧ ਆਦਿ ਵੇਖਣ ਵਿੱਚ ਆਉਂਦੇ ਹਨ, ਉਨ੍ਹਾਂ ਨੂੰ ਯਾਦ ਨਹੀਂ ਕਰੋ। ਇੱਕ ਬਾਪ ਨੂੰ ਹੀ ਯਾਦ ਕਰੋ ਤਾਂ ਤੁਹਾਡੇ ਪਾਪ ਸੜ ਜਾਣਗੇ। ਤੁਸੀਂ ਜਨਮ - ਜਨਮਾਂਤ੍ਰ ਦੀ ਪਾਪ ਆਤਮਾਵਾਂ ਹੋ ਨਾ। ਇਹ ਹੈ ਹੀ ਪਾਪ ਆਤਮਾਵਾਂ ਦੀ ਦੁਨੀਆਂ। ਸਤਿਯੁਗ ਹੈ ਪੁੰਨਿਆ ਆਤਮਾਵਾਂ ਦੀ ਦੁਨੀਆਂ। ਹੁਣ ਪਾਪ ਸਭ ਕੱਟਕੇ ਪੁੰਨ ਕਿਵੇਂ ਜਮਾਂ ਹੋਣ? ਬਾਪ ਦੀ ਯਾਦ ਨਾਲ ਹੀ ਜਮਾਂ ਹੋਣਗੇ। ਆਤਮਾ ਵਿੱਚ ਮਨ - ਬੁੱਧੀ ਹੈ ਨਾ। ਤਾਂ ਆਤਮਾ ਨੂੰ ਬੁੱਧੀ ਤੋਂ ਯਾਦ ਕਰਨਾ ਹੈ। ਬਾਪ ਕਹਿੰਦੇ ਹਨ ਤੁਹਾਡੇ ਜੋ ਵੀ ਮਿੱਤਰ - ਸੰਬੰਧੀ ਹਨ, ਉਨ੍ਹਾਂ ਸਾਰਿਆਂ ਨੂੰ ਭੁੱਲੋ। ਉਹ ਸਭ ਇੱਕ - ਦੋ ਨੂੰ ਦੁੱਖ ਦਿੰਦੇ ਹਨ। ਇੱਕ ਪਾਪ ਕਰਦੇ ਹਨ ਜੋ ਕਾਮ ਕਟਾਰੀ ਚਲਾਉਂਦੇ ਹਨ, ਦੂਜਾ ਫਿਰ ਪਾਪ ਕੀ ਕਰਦੇ ਹਨ? ਜੋ ਬਾਪ ਸਰਵ ਦਾ ਸਦਗਤੀ ਦਾਤਾ ਹੈ, ਬੱਚਿਆਂ ਨੂੰ ਬੇਹੱਦ ਦਾ ਸੁੱਖ ਦਿੰਦੇ ਹਨ ਮਤਲਬ ਸਵਰਗ ਦਾ ਮਾਲਿਕ ਬਣਾਉਂਦੇ ਹਨ, ਉਸ ਨੂੰ ਸਰਵਵਿਆਪੀ ਕਹਿ ਦਿੰਦੇ ਹਨ। ਇਹ ਪਾਠਸ਼ਾਲਾ ਹੈ, ਤੁਸੀਂ ਆਏ ਹੋ ਇੱਥੇ ਪੜ੍ਹਨ। ਇਹ ਲਕਸ਼ਮੀ - ਨਾਰਾਇਣ ਹਨ ਤੁਹਾਡਾ ਏਮ -ਆਬਜੈਕਟ। ਹੋਰ ਕੋਈ ਇਵੇਂ ਕਹਿ ਨਾ ਸਕੇ। ਤੁਸੀਂ ਜਾਣਦੇ ਹੋ ਹੁਣ ਸਾਨੂੰ ਪਵਿੱਤਰ ਬਣ ਪਵਿੱਤਰ ਦੁਨੀਆਂ ਦਾ ਮਾਲਿਕ ਬਣਨਾ ਹੈ। ਅਸੀਂ ਹੀ ਵਿਸ਼ਵ ਦੇ ਮਾਲਿਕ ਸੀ। ਪੂਰੇ 5 ਹਜ਼ਾਰ ਵਰ੍ਹੇ ਹੋਏ। ਦੇਵੀ - ਦੇਵਤਾ ਵਿਸ਼ਵ ਦੇ ਮਾਲਿਕ ਹੈ ਨਾ। ਕਿੰਨਾ ਉੱਚਾ ਪਦ ਹੈ। ਜਰੂਰ ਇਹ ਬਾਪ ਹੀ ਬਣਾਉਣਗੇ। ਬਾਪ ਨੂੰ ਹੀ ਪਰਮਾਤਮਾ ਕਹਿੰਦੇ ਹਨ, ਉਨ੍ਹਾਂ ਦਾ ਅਸਲ ਨਾਮ ਹੈ ਸ਼ਿਵ। ਫਿਰ ਬਹੁਤ ਨਾਮ ਰੱਖ ਦਿੰਦੇ ਹਨ। ਜਿਵੇਂ ਬੰਬੇ ਵਿੱਚ ਬਬੁਲਨਾਥ ਦਾ ਮੰਦਿਰ ਹੈ ਮਤਲਬ ਕੰਢਿਆਂ ਦੇ ਜੰਗਲ ਨੂੰ ਫੁੱਲਾਂ ਦਾ ਬਗੀਚਾ ਬਣਾਉਣ ਵਾਲੇ ਹਨ। ਨਹੀਂ ਤਾਂ ਉਨ੍ਹਾਂ ਦਾ ਅਸਲੀ ਨਾਮ ਇੱਕ ਹੀ ਸ਼ਿਵ ਹੈ, ਇਨ੍ਹਾਂ ਵਿੱਚ ਪ੍ਰਵੇਸ਼ ਕਰਦੇ ਹਨ ਤਾਂ ਵੀ ਨਾਮ ਸ਼ਿਵ ਹੀ ਹੈ। ਤੁਹਾਨੂੰ ਇਸ ਬ੍ਰਹਮਾ ਨੂੰ ਯਾਦ ਨਹੀਂ ਕਰਨਾ ਹੈ। ਇਹ ਤਾਂ ਦੇਹਧਾਰੀ ਹਨ। ਤੁਹਾਨੂੰ ਯਾਦ ਕਰਨਾ ਹੈ ਵਿਦੇਹੀ ਨੂੰ। ਤੁਹਾਡੀ ਆਤਮਾ ਪਤਿਤ ਬਣੀ ਹੈ, ਉਨ੍ਹਾਂ ਨੂੰ ਪਾਵਨ ਬਣਾਉਣਾ ਹੈ। ਕਹਿੰਦੇ ਵੀ ਹਨ ਮਹਾਨ ਆਤਮਾ, ਪਾਪ ਆਤਮਾ। ਮਹਾਨ ਪ੍ਰਮਾਤਮਾ ਨਹੀਂ ਕਹਿੰਦੇ ਹਨ। ਆਪਣੇ ਨੂੰ ਪ੍ਰਮਾਤਮਾ ਜਾਂ ਈਸ਼ਵਰ ਵੀ ਕੋਈ ਕਹਿ ਨਾ ਸਕੇ। ਕਹਿੰਦੇ ਵੀ ਹਨ ਮਹਾਤਮਾ, ਪਵਿੱਤਰ ਆਤਮਾ। ਸੰਨਿਆਸੀ ਸੰਨਿਆਸ ਕਰਦੇ ਹਨ, ਇਸਲਈ ਪਵਿੱਤਰ ਆਤਮਾ ਹਨ। ਬਾਪ ਨੇ ਸਮਝਾਇਆ ਹੈ ਉਹ ਵੀ ਸਾਰੇ ਪੁਨਰਜਨਮ ਲੈਂਦੇ ਹਨ। ਦੇਹਧਾਰੀਆਂ ਨੂੰ ਪੁਨਰ ਜਨਮ ਜ਼ਰੂਰ ਲੈਣਾ ਪੈਂਦਾ ਹੈ। ਵਿਕਾਰ ਤੋਂ ਜਨਮ ਲੈਣ ਜਦ ਵੱਡੇ ਬਾਲਿਗ ਬਣ ਜਾਂਦੇ ਹਨ ਤਾਂ ਸੰਨਿਆਸ ਕਰ ਲੈਂਦੇ ਹਨ। ਦੇਵਤੇ ਤਾਂ ਇੰਝ ਨਹੀਂ ਕਰਦੇ। ਉਹ ਤਾਂ ਏਵਰ ਪਵਿੱਤਰ ਹਨ। ਬਾਪ ਹੁਣ ਤੁਹਾਨੂੰ ਆਸੁਰੀ ਤੋਂ ਦੈਵੀ ਬਣਾਉਂਦੇ ਹਨ, ਦੈਵੀਗੁਣ ਧਾਰਨ ਕਰਨ ਨਾਲ ਦੈਵੀ ਸੰਪ੍ਰਦਾਇ ਬਣੇਗਾ। ਦੈਵੀ ਸੰਪ੍ਰਦਾਇ ਰਹਿੰਦੇ ਹਨ ਸਤਿਯੁਗ ਵਿੱਚ, ਆਸੁਰੀ ਸੰਪ੍ਰਦਾਇ ਹੈ ਕਲਯੁਗ ਵਿੱਚ। ਹੁਣ ਹੈ ਸੰਗਮਯੁਗ। ਹੁਣ ਤੁਹਾਨੂੰ ਬਾਪ ਮਿਲਿਆ ਹੈ, ਕਹਿੰਦੇ ਹਨ ਹੁਣ ਤੁਹਾਨੂੰ ਫਿਰ ਦੈਵੀ ਸੰਪ੍ਰਦਾਇ ਬਣਾਉਣਾ ਹੈ ਜ਼ਰੂਰ। ਤੁਸੀਂ ਇੱਥੇ ਆਏ ਹੀ ਹੋ ਦੈਵੀ ਸੰਪ੍ਰਦਾਇ ਬਣਨ। ਦੈਵੀ ਸੰਪ੍ਰਦਾਇ ਵਾਲਿਆਂ ਨੂੰ ਅਥਾਹ ਸੁੱਖ ਹਨ। ਇਸ ਦੁਨੀਆਂ ਨੂੰ ਕਿਹਾ ਜਾਂਦਾ ਹੈ ਹਿੰਸਕ, ਦੇਵਤਾ ਹਨ ਅਹਿੰਸਕ।

ਬਾਪ ਕਹਿੰਦੇ ਹਨ - ਮਿੱਠੇ - ਮਿੱਠੇ ਬੱਚਿਓ, ਬਾਪ ਨੂੰ ਯਾਦ ਕਰੋ। ਤੁਹਾਡੇ ਜੋ ਗੁਰੂ ਲੋਕ ਹਨ, ਉਹ ਵੀ ਸਭ ਦੇਹਧਾਰੀ ਹਨ। ਹੁਣ ਤੁਸੀਂ ਆਤਮਾਵਾਂ ਨੂੰ ਪਰਮਾਤਮਾ ਬਾਪ ਨੂੰ ਯਾਦ ਕਰਨਾ ਹੈ। ਸੁੱਖ ਓਦੋਂ ਮਿਲੇਗਾ ਜਦੋਂ ਤੁਸੀਂ ਪੁੰਨਿਆ ਆਤਮਾ ਬਣੋਗੇ। 84 ਜਨਮਾਂ ਦੇ ਬਾਦ ਹੀ ਤੁਸੀਂ ਪਾਪ ਆਤਮਾ ਬਣ ਜਾਂਦੇ ਹੋ। ਹੁਣ ਤੁਸੀਂ ਪੁੰਨ ਜਮਾਂ ਕਰਦੇ ਹੋ। ਯੋਗਬਲ ਨਾਲ ਪਾਪ ਨੂੰ ਖਤਮ ਕਰਦੇ ਹੋ। ਇਸ ਯਾਦ ਦੀ ਯਾਤਰਾ ਨਾਲ ਹੀ ਤੁਸੀਂ ਵਿਸ਼ਵ ਦੇ ਮਾਲਿਕ ਬਣਦੇ ਹੋ। ਤੁਸੀਂ ਵਿਸ਼ਵ ਦੇ ਮਾਲਿਕ ਸੀ ਤਾਂ ਸਹੀ ਨਾ। ਉਹ ਫਿਰ ਕਿੱਥੇ ਗਏ, ਇਹ ਬਾਪ ਵੀ ਦੱਸਦੇ ਹਨ। ਤੁਸੀਂ 84 ਜਨਮ ਲ਼ਏ, ਸੂਰਜਵੰਸ਼ੀ - ਚੰਦ੍ਰਵੰਸ਼ੀ ਬਣੇ। ਕਹਿੰਦੇ ਵੀ ਹਨ ਭਗਤੀ ਦਾ ਫਲ ਰੱਬ ਦਿੰਦੇ ਹਨ। ਰੱਬ ਕੋਈ ਦੇਹਧਾਰੀ ਨੂੰ ਨਹੀਂ ਕਿਹਾ ਜਾਂਦਾ ਹੈ। ਉਹ ਹੈ ਹੀ ਨਿਰਾਕਾਰ ਸ਼ਿਵ। ਉਨ੍ਹਾਂ ਦੀ ਸ਼ਿਵਰਾਤਰੀ ਮਨਾਉਂਦੇ ਹਨ ਤਾਂ ਜਰੂਰ ਆਉਂਦੇ ਹਨ ਨਾ। ਪਰ ਕਹਿੰਦੇ ਮੈ ਤੁਹਾਡੇ ਵਾਂਗੂੰ ਜਨਮ ਨਹੀਂ ਲੈਂਦਾ ਹਾਂ, ਮੈਨੂੰ ਸ਼ਰੀਰ ਦਾ ਲੋਨ ਲੈਣਾ ਪੈਂਦਾ ਹੈ। ਮੈਨੂੰ ਆਪਣਾ ਸ਼ਰੀਰ ਨਹੀਂ ਹੈ। ਜੇ ਹੁੰਦਾ ਤਾਂ

ਉਨ੍ਹਾਂ ਦਾ ਨਾਮ ਹੁੰਦਾ। ਬ੍ਰਹਮਾ ਨਾਮ ਤਾਂ ਇਨ੍ਹਾਂ ਦਾ ਆਪਣਾ ਹੈ। ਇਨ੍ਹਾਂ ਨੇ ਤਾਂ ਸੰਨਿਆਸ ਕੀਤਾ ਤਾਂ ਨਾਮ ਬ੍ਰਹਮਾ ਰੱਖਿਆ ਹੈ। ਤੁਸੀਂ ਹੋ ਬ੍ਰਹਮਕੁਮਾਰ - ਕੁਮਾਰੀਆਂ। ਨਹੀਂ ਤਾਂ ਬ੍ਰਹਮਾ ਕਿਥੋਂ ਆਏ। ਬ੍ਰਹਮਾ ਹਨ ਸ਼ਿਵ ਦਾ ਬੇਟਾ। ਸ਼ਿਵਬਾਬਾ ਆਪਣੇ ਬੱਚੇ ਬ੍ਰਹਮਾ ਵਿੱਚ ਪ੍ਰਵੇਸ਼ ਕਰ ਤੁਹਾਨੂੰ ਗਿਆਨ ਦਿੰਦੇ ਹਨ। ਬ੍ਰਹਮਾ, ਵਿਸ਼ਨੂੰ, ਸ਼ੰਕਰ ਵੀ ਇਨ੍ਹਾਂ ਦੇ ਬੱਚੇ ਹਨ। ਨਿਰਾਕਾਰ ਬਾਪ ਦੇ ਸਭ ਬੱਚੇ ਨਿਰਾਕਾਰ ਹਨ। ਆਤਮਾਵਾਂ ਇੱਥੇ ਆਕੇ ਸ਼ਰੀਰ ਧਾਰਨ ਕਰ ਪਾਰ੍ਟ ਵਜਾਉਂਦੀਆਂ ਹਨ। ਬਾਪ ਕਹਿੰਦੇ ਹਨ ਮੈ ਆਉਂਦਾ ਹੀ ਹਾਂ ਪਤਿਤਾਂ ਨੂੰ ਪਾਵਨ ਬਣਾਉਣ। ਮੈ ਇਸ ਸ਼ਰੀਰ ਦਾ ਲੋਨ ਲੈਂਦਾ ਹਾਂ। ਸ਼ਿਵ ਭਗਵਾਨੁਵਾਚ ਹੈ ਨਾ। ਸ਼੍ਰੀਕ੍ਰਿਸ਼ਨ ਨੂੰ ਤਾਂ ਰੱਬ ਨਹੀਂ ਕਹਿ ਸਕਦੇ। ਰੱਬ ਤਾਂ ਇੱਕ ਹੀ ਹੈ। ਸ਼੍ਰੀਕ੍ਰਿਸ਼ਨ ਦੀ ਮਹਿਮਾ ਹੀ ਵੱਖ ਹੈ। ਪਹਿਲਾ ਨੰਬਰ ਦੇਵਤਾ ਹਨ ਰਾਧੇ - ਕ੍ਰਿਸ਼ਨ, ਜੋ ਸਵਯੰਬਰ ਦੇ ਬਾਦ ਫਿਰ ਲਕਸ਼ਮੀ - ਨਾਰਾਇਣ ਬਣਦੇ ਹਨ। ਪਰ ਇੱਥੇ ਕੋਈ ਜਾਣਦੇ ਨਹੀਂ। ਰਾਧੇ - ਕ੍ਰਿਸ਼ਨ ਦਾ ਕਿਸੇ ਨੂੰ ਵੀ ਪਤਾ ਨਹੀਂ ਹੈ। ਉਹ ਫਿਰ ਕਿੱਥੇ ਜਾਂਦੇ ਹਨ? ਰਾਧੇ - ਕ੍ਰਿਸ਼ਨ ਹੀ ਸਵਯੰਬਰ ਦੇ ਬਾਦ ਫਿਰ ਲਕਸ਼ਮੀ - ਨਾਰਾਇਣ ਬਣਦੇ ਹਨ। ਦੋਵੇਂ ਵੱਖ - ਵੱਖ ਮਹਾਰਾਜਿਆਂ ਦੇ ਬੱਚੇ ਹਨ। ਉੱਥੇ ਅਪਵਿੱਤਰਤਾ ਦਾ ਨਾਮ ਨਹੀਂ ਹੈ ਕਿਉਂਕਿ 5 ਵਿਕਾਰ ਰੂਪੀ ਰਾਵਣ ਹੀ ਨਹੀਂ ਹੈ। ਹੈ ਹੀ ਰਾਮ ਰਾਜ। ਹੁਣ ਬਾਪ ਆਤਮਾਵਾਂ ਨੂੰ ਕਹਿੰਦੇ ਹਨ ਕਿ ਮੈਨੂੰ ਯਾਦ ਕਰੋ ਤਾਂ ਤੁਹਾਡੇ ਪਾਪ ਕੱਟ ਜਾਣਗੇ। ਤੁਸੀਂ ਸਤੋਪ੍ਰਧਾਨ ਸੀ, ਹੁਣ ਤਮੋਪ੍ਰਧਾਨ ਬਣੇ ਹੋ, ਘਾਟਾ ਪੈਂਦਾ ਹੈ ਫਿਰ ਜਮਾਂ ਕਰਨਾ ਹੈ। ਰੱਬ ਨੂੰ ਵਪਾਰੀ ਵੀ ਕਿਹਾ ਜਾਂਦਾ ਹੈ। ਕੋਈ ਵਿਰਲਾ ਉਨ੍ਹਾਂ ਦੇ ਨਾਲ ਵਪਾਰ ਕਰੇ। ਜਾਦੂਗਰ ਵੀ ਉਨ੍ਹਾਂ ਨੂੰ ਕਹਿੰਦੇ ਹਨ, ਕਮਾਲ ਕਰਦੇ ਹਨ, ਜੋ ਦੁਨੀਆਂ ਦੀ ਸਦਗਤੀ ਕਰਦੇ ਹਨ। ਸਾਰਿਆਂ ਨੂੰ ਮੁਕਤੀ - ਜੀਵਨਮੁਕਤੀ ਦਿੰਦੇ ਹਨ। ਜਾਦੂ ਦਾ ਖੇਡ ਹੈ ਨਾ। ਮਨੁੱਖ, ਮਨੁੱਖ ਨੂੰ ਦੇ ਨਹੀਂ ਸਕਦੇ। ਤੁਸੀਂ 63 ਜਨਮ ਭਗਤੀ ਕਰਦੇ ਆਏ ਹੋ, ਇਸ ਭਗਤੀ ਵਿੱਚ ਕਿਸੇ ਨੇ ਸਦਗਤੀ ਪਾਈ ਹੈ? ਕੋਈ ਹੈ ਜੋ ਸਦਗਤੀ ਦੇਵੇ? ਹੋ ਨਹੀਂ ਸਕਦਾ। ਇੱਕ ਵੀ ਵਾਪਿਸ ਜਾ ਨਹੀਂ ਸਕਦਾ। ਬੇਹੱਦ ਦਾ ਬਾਪ ਹੀ ਆਕੇ ਸਾਰਿਆਂ ਨੂੰ ਵਾਪਿਸ ਲੈ ਜਾਂਦੇ ਹਨ। ਕਲਯੁਗ ਵਿੱਚ ਅਨੇਕ ਰਾਜ ਹਨ। ਉੱਥੇ ਤੁਸੀਂ ਥੋੜੀ ਰਾਜ ਕਰਦੇ ਹੋ। ਬਾਕੀ ਸਭ ਆਤਮਾਵਾਂ ਮੁਕਤੀ ਵਿੱਚ ਚਲੀਆਂ ਜਾਂਦੀਆਂ ਹਨ। ਤੁਸੀਂ ਜਾਂਦੇ ਹੋ ਜੀਵਨਮੁਕਤੀ ਵਿੱਚ ਵਾਇਆ ਮੁਕਤੀਧਾਮ। ਇਹ ਚੱਕਰ ਫਿਰਦਾ ਰਹਿੰਦਾ ਹੈ। ਹੁਣ ਤੁਸੀਂ ਆਤਮਾਵਾਂ ਨੂੰ ਦਰਸ਼ਨ ਹੋਇਆ ਹੈ ਇਸ ਸ੍ਰਿਸ਼ਟੀ ਚੱਕਰ ਦਾ, ਰਚਤਾ ਅਤੇ ਰਚਨਾ ਦੇ ਆਦਿ - ਮੱਧ - ਅੰਤ ਦਾ। ਤੁਸੀਂ ਹੀ ਇਸ ਗਿਆਨ ਤੋਂ ਨਰ ਤੋਂ ਨਾਰਾਇਣ ਬਣਦੇ ਹੋ। ਦੇਵਤਿਆਂ ਦੀ ਰਾਜਧਾਨੀ ਸਥਾਪਨ ਹੋ ਗਈ ਫਿਰ ਤੁਹਾਨੂੰ ਗਿਆਨ ਦੀ ਲੋੜ ਨਹੀਂ ਰਹੇਗੀ। ਭਗਤਾਂ ਨੂੰ ਰੱਬ ਨੇ ਫਲ ਦਿੱਤਾ ਅੱਧਾਕਲਪ ਸੁੱਖ ਦਾ, ਫਿਰ ਰਾਵਣ ਰਾਜ ਵਿੱਚ ਦੁੱਖ ਸ਼ੁਰੂ ਹੋ ਜਾਂਦਾ ਹੈ। ਹੌਲੇ - ਹੌਲੇ ਸੀੜੀ ਉਤਰਦੇ ਹਨ। ਤੁਸੀਂ ਸਤਿਯੁਗ ਵਿੱਚ ਹੋ ਤਾਂ ਵੀ ਇੱਕ ਦਿਨ ਜੋ ਬੀਤਿਆ, ਸੀੜੀ ਉਤਰਨੀ ਹੁੰਦੀ ਹੈ। ਤੁਸੀਂ 16 ਕਲਾ ਸੰਪੂਰਨ ਬਣਦੇ ਹੋ, ਫਿਰ ਸੀੜੀ ਉਤਰਦੇ ਹੀ ਰਹਿੰਦੇ ਹਨ। ਸੈਕੇਂਡ ਬਾਈ ਸੈਕੇਂਡ ਟਿੱਕ - ਟਿੱਕ ਹੁੰਦੀ ਹੈ। ਉਤਰਦੇ ਹੀ ਜਾਂਦੇ ਹਨ। ਸਮੇਂ ਬੀਤਦੇ - ਬੀਤਦੇ ਇਸ ਜਗ੍ਹਾ ਆਕੇ ਪਹੁੰਚੇ ਹੋ। ਉੱਥੇ ਵੀ ਤਾਂ ਇਵੇਂ ਘੜੀਆਂ ਬੀਤਦੀਆਂ ਜਾਣਗੀਆਂ। ਅਸੀਂ ਸੀੜੀ ਚੜ੍ਹਦੇ ਹਾਂ ਇੱਕਦਮ ਫਟ ਨਾਲ ਫਿਰ ਸੀੜੀ ਉਤਰਨੀ ਹੈ ਜੂੰ ਮਿਸਲ।

ਬਾਪ ਕਹਿੰਦੇ ਹਨ ਮੈਂ ਸਰਵ ਦੀ ਸਦਗਤੀ ਕਰਨ ਵਾਲਾ ਹਾਂ। ਮਨੁੱਖ, ਮਨੁੱਖ ਦੀ ਸਦਗਤੀ ਕਰ ਨਾ ਸਕਣ ਉਹ ਵਿਕਾਰ ਨਾਲ ਪੈਦਾ ਹੁੰਦੇ ਹਨ ਪਤਿਤ ਹਨ। ਅਸਲ ਵਿੱਚ ਸ਼੍ਰੀਕ੍ਰਿਸ਼ਨ ਨੂੰ ਹੀ ਸੱਚਾ ਮਹਾਤਮਾ ਕਹਿ ਸਕਦੇ ਹਾਂ। ਇਹ ਮਹਾਤਮਾ ਲੋਕ ਤਾਂ ਫਿਰ ਵੀ ਵਿਕਾਰ ਨਾਲ ਜਨਮ ਲੈ ਫਿਰ ਸੰਨਿਆਸ ਕਰਦੇ ਹਨ। ਉਹ ਤਾਂ ਹੈ ਦੇਵਤਾ। ਦੇਵਤੇ ਤਾਂ ਸਦੈਵ ਪਵਿੱਤਰ ਹਨ। ਉਨ੍ਹਾਂ ਵਿੱਚ ਕੋਈ ਵਿਕਾਰ ਨਹੀਂ ਹੁੰਦਾ। ਉਨ੍ਹਾਂ ਨੂੰ ਕਿਹਾ ਹੀ ਜਾਂਦਾ ਹੈ ਨਿਰਵਿਕਾਰੀ ਦੁਨੀਆਂ, ਇਨ੍ਹਾਂ ਨੂੰ ਕਿਹਾ ਜਾਂਦਾ ਹੈ ਵਿਕਾਰੀ ਦੁਨੀਆਂ। ਨੋ ਪਿਓਰਿਟੀ। ਚਲਨ ਕਿੰਨੀ ਖਰਾਬ ਹੈ। ਦੇਵਤਿਆਂ ਦੀ ਚਲਨ ਤਾਂ ਬੜੀ ਚੰਗੀ ਹੁੰਦੀ ਹੈ। ਸਾਰੇ ਉਨ੍ਹਾਂ ਨੂੰ ਨਮਸਤੇ ਕਰਦੇ ਹਨ। ਕਰੈਕ੍ਰਟ੍ਰਸ ਉਨ੍ਹਾਂ ਦੇ ਚੰਗੇ ਹਨ ਤਾਂ ਤੇ ਅਪਵਿੱਤਰ ਮਨੁੱਖ ਉਨ੍ਹਾਂ ਪਵਿੱਤਰ ਦੇਵਤਾਵਾਂ ਦੇ ਅੱਗੇ ਮੱਥਾ ਟੇਕਦੇ ਹਨ। ਹੁਣ ਤਾਂ ਲੜਨਾ - ਝਗੜਨਾ ਕੀ -ਕੀ ਲੱਗਾ ਪਿਆ ਹੈ। ਬੜਾ ਹੰਗਾਮਾ ਹੈ। ਹੁਣ ਤਾਂ ਰਹਿਣ ਦੀ ਵੀ ਜਗ੍ਹਾ ਨਹੀਂ। ਚਾਹੁੰਦੇ ਹਨ ਮਨੁੱਖ ਘੱਟ ਹੋਣ। ਪਰ ਇਹ ਤਾਂ ਬਾਪ ਦਾ ਹੀ ਕੰਮ ਹੈ। ਸਤਿਯੁਗ ਵਿੱਚ ਬਹੁਤ ਥੋੜੇ ਮਨੁੱਖ ਹੁੰਦੇ ਹਨ। ਇਨ੍ਹਾਂ ਸਾਰੇ ਸ਼ਰੀਰਾਂ ਦੀ ਹੋਲਿਕਾ ਹੋ ਜਾਂਦੀ ਹੈ, ਬਾਕੀ ਸਭ ਆਤਮਾਵਾਂ ਚਲੀਆਂ ਜਾਂਦੀਆਂ ਹਨ ਆਪਣੇ ਸਵੀਟ ਹੋਮ। ਸਜਾਵਾਂ ਤਾਂ ਨੰਬਰਵਾਰ ਭੋਗਦੇ ਹਨ ਜ਼ਰੂਰ। ਜੋ ਪੂਰਾ ਪੁਰਸ਼ਾਰਥ ਕਰ ਵਿਜੇ ਮਾਲਾ ਦਾ ਦਾਣਾ ਬਣਦੇ ਹਨ, ਉਹ ਸਜਾਵਾਂ ਤੋਂ ਛੁੱਟ ਜਾਂਦੇ ਹਨ। ਮਾਲਾ ਇੱਕ ਦੀ ਤਾਂ ਨਹੀਂ ਹੁੰਦੀ। ਜਿਸ ਨੇ ਉਨ੍ਹਾਂ ਨੂੰ ਇਵੇਂ ਬਣਾਇਆ, ਉਹ ਹੈ ਫੁੱਲ। ਫਿਰ ਹੈ ਮੇਰੂ, ਪ੍ਰਵ੍ਰਿਤੀ ਮਾਰਗ ਹੈ ਨਾ। ਤਾਂ ਜੋੜੀ ਦੀ ਮਾਲਾ ਹੈ। ਸਿੰਗਲ ਦੀ ਮਾਲਾ ਨਹੀਂ ਹੁੰਦੀ। ਸੰਨਿਆਸੀਆਂ ਦੀ ਮਾਲਾ ਹੁੰਦੀ ਨਹੀਂ। ਉਹ ਹੈ ਨਿਰਵ੍ਰਿਤੀ ਮਾਰਗ ਵਾਲੇ। ਉਹ ਪ੍ਰਵਿਰਤੀ ਮਾਰਗ ਵਾਲੇ ਨੂੰ ਗਿਆਨ ਦੇ ਨਾ ਸਕਣ। ਪਵਿੱਤਰ ਬਣਨ ਦੇ ਲਈ ਉਨ੍ਹਾਂ ਦਾ ਹੈ ਹੱਦ ਦਾ ਸੰਨਿਆਸ, ਉਹ ਹੈ ਹਠਯੋਗੀ। ਇਹ ਹੈ ਰਾਜਯੋਗ, ਰਾਜਾਈ ਪ੍ਰਾਪਤ ਕਰਨ ਦੇ ਲਈ ਬਾਪ ਤੁਹਨੂੰ ਇਹ ਰਾਜਯੋਗ ਸਿਖਲਾਉਂਦੇ ਹਨ। ਬਾਪ ਹਰ 5 ਹਜ਼ਾਰ ਵਰ੍ਹੇ ਬਾਦ ਆਉਂਦੇ ਹਨ। ਅੱਧਾਕਲਪ ਤੁਸੀਂ ਰਾਜਾਈ ਕਰਦੇ ਹੋ ਸੁੱਖ ਵਿੱਚ, ਫਿਰ ਰਾਵਣ ਰਾਜ ਵਿੱਚ ਅਹਿਸਤੇ - ਅਹਿਸਤੇ ਤੁਸੀਂ ਦੁੱਖੀ ਹੋ ਜਾਂਦੇ ਹੋ। ਇਸ ਨੂੰ ਕਿਹਾ ਜਾਂਦਾ ਹੈ ਸੁੱਖ - ਦੁੱਖ ਦਾ ਖੇਡ। ਤੁਸੀਂ ਪਾਂਡਵਾਂ ਨੂੰ ਜਿੱਤ ਪਹਿਨਾਉਂਦੇ ਹੋ। ਹੁਣ ਤੁਸੀਂ ਹੋ ਪੰਡੇ। ਘਰ ਜਾਣ ਦੀ ਯਾਤਰਾ ਕਰਾਉਂਦੇ ਹੋ। ਉਹ ਯਾਤਰਾਵਾਂ ਤਾਂ ਮਨੁੱਖ ਜਨਮ - ਜਨਮਾਂਤ੍ਰ ਕਰਦੇ ਆਏ ਹਨ। ਹੁਣ ਤੁਹਾਡੀ ਯਾਤਰਾ ਹੈ ਘਰ ਜਾਣ ਦੀ। ਬਾਪ ਆਕੇ ਸਾਰਿਆਂ ਨੂੰ ਮੁਕਤੀ - ਜੀਵਨਮੁਕਤੀ ਦਾ ਰਸਤਾ ਦੱਸਦੇ ਹਨ। ਤੁਸੀਂ ਜੀਵਨਮੁਕਤੀ ਵਿੱਚ ਬਾਕੀ ਸਭ ਮੁਕਤੀ ਵਿੱਚ ਚਲੇ ਜਾਣਗੇ। ਹਾਹਾਕਾਰ ਦੇ ਬਾਦ ਫਿਰ ਜੈ - ਜੈਕਾਰ ਹੋ ਜਾਂਦੀ ਹੈ। ਹੁਣ ਹੈ ਕਲਯੁਗ ਦਾ ਅੰਤ। ਆਫ਼ਤਾਂ ਤਾਂ ਬਹੁਤ ਆਉਂਦੀਆਂ ਹਨ, ਫਿਰ ਉਸ ਸਮੇਂ ਤੁਸੀਂ ਯਾਦ ਦੀ ਯਾਤਰਾ ਵਿੱਚ ਰਹਿ ਨਹੀਂ ਸਕੋਗੇ ਕਿਉਂਕਿ ਬਹੁਤ ਹੰਗਾਮਾ ਹੋ ਜਾਵੇਗਾ ਇਸਲਈ ਬਾਪ ਕਹਿੰਦੇ ਹਨ ਹੁਣ ਯਾਦ ਦੀ ਯਾਤਰਾ ਨੂੰ ਵਧਾਉਂਦੇ ਜਾਓ ਤਾਂ ਪਾਪ ਭਸਮ ਹੋ ਜਾਣ ਅਤੇ ਫਿਰ ਜਮਾਂ ਵੀ ਕਰੋ। ਸਤੋਪ੍ਰਧਾਨ ਤਾਂ ਬਣੋ। ਬਾਪ ਕਹਿੰਦੇ ਹਨ ਮੈ ਹਰ ਕਲਪ ਤੇ ਪੁਰਸ਼ੋਤਮ ਸੰਗਮਯੁੱਗ ਤੇ ਆਉਂਦਾ ਹਾਂ। ਇਹ ਤਾਂ ਬਹੁਤ ਛੋਟਾ ਜਿਹਾ ਬ੍ਰਾਹਮਣਾਂ ਦਾ ਯੁੱਗ ਹੈ। ਬ੍ਰਾਹਮਣਾਂ ਦੀ ਨਿਸ਼ਾਨੀ ਚੋਟੀ ਹੁੰਦੀ ਹੈ। ਬ੍ਰਾਹਮਣ, ਦੇਵਤਾ, ਖੱਤਰੀ, ਵੈਸ਼, ਸ਼ੂਦਰ - ਇਹ ਚੱਕਰ ਫਿਰਦਾ ਹੀ ਰਹਿੰਦਾ ਹੈ। ਬ੍ਰਾਹਮਣਾਂ ਦਾ ਬਹੁਤ ਛੋਟਾ ਕੁਲ ਹੁੰਦਾ

ਹੈ, ਇਸ ਛੋਟੇ ਜਿਹੇ ਯੁਗ ਵਿੱਚ ਬਾਪ ਆਕੇ ਤੁਹਾਨੂੰ ਪੜ੍ਹਾਉਂਦੇ ਹਨ। ਤੁਸੀਂ ਬੱਚੇ ਵੀ ਹੋ ਤੇ ਸਟੂਡੈਂਟ ਵੀ ਹੋ, ਫਾਲੋਅਰਸ ਵੀ ਹੋ। ਇੱਕ ਦੇ ਹੀ ਹਨ। ਇਵੇਂ ਕੋਈ ਮਨੁੱਖ ਹੁੰਦਾ ਨਹੀਂ ਜੋ ਬਾਪ ਵੀ ਹੋਵੇ, ਸਿੱਖਿਆ ਦੇਣ ਵਾਲਾ ਟੀਚਰ ਵੀ ਹੋਵੇ, ਸ੍ਰਿਸ਼ਟੀ ਦੇ ਆਦਿ - ਮੱਧ - ਅੰਤ ਦਾ ਗਿਆਨ ਦਿੰਦੇ ਹੋਣ, ਫਿਰ ਨਾਲ ਲੈ ਜਾਵੇ। ਇਵੇਂ ਕੋਈ ਮਨੁੱਖ ਹੋ ਨਾ ਸਕੇ। ਇਹ ਗੱਲਾਂ ਹੁਣ ਤੁਸੀਂ ਸਮਝਦੇ ਹੋ। ਸਤਿਯੁਗ ਵਿੱਚ ਵੀ ਪਹਿਲੇ - ਪਹਿਲੇ ਬਹੁਤ ਛੋਟਾ ਝਾੜ ਹੁੰਦਾ ਹੈ, ਬਾਕੀ ਸਾਰੇ ਸ਼ਾਂਤੀਧਾਮ ਵਿਚ ਚਲੇ ਜਾਣਗੇ। ਬਾਪ ਨੂੰ ਕਿਹਾ ਜਾਂਦਾ ਹੈ ਸਰਵ ਦਾ ਸਦਗਤੀ ਦਾਤਾ। ਬਾਪ ਨੂੰ ਬੁਲਾਉਂਦੇ ਹਨ - ਹੇ ਪਤਿਤ - ਪਾਵਨ ਬਾਬਾ ਆਓ। ਦੂਜੀ ਤਰਫ ਕਹਿੰਦੇ ਹਨ ਪਰਮਾਤਮਾ ਕੁੱਤੇ - ਬਿੱਲੀ, ਪੱਥਰ - ਠੀਕਰ ਸਭ ਵਿੱਚ ਹਨ। ਬੇਹੱਦ ਦੇ ਬਾਪ ਦਾ ਅਪਕਾਰ ਕਰਦੇ ਹਨ। ਬਾਪ ਜੋ ਵਿਸ਼ਵ ਦਾ ਮਾਲਿਕ ਬਣਾਉਂਦੇ ਹਨ, ਉਨ੍ਹਾਂ ਨੂੰ ਡਿਫੇਮ ਕਰਦੇ ਹਨ। ਇਸ ਨੂੰ ਹੀ ਕਿਹਾ ਜਾਂਦਾ ਹੈ ਰਾਵਣ ਦਾ ਸੰਗਦੋਸ਼। ਸਤ ਦਾ ਸੰਗ ਤਾਰੇ, ਕੁਸੰਗ ਡੋਬੇ। ਰਾਵਣ ਰਾਜ ਸ਼ੁਰੂ ਹੁੰਦਾ ਹੈ ਤਾਂ ਤੁਸੀਂ ਡਿੱਗਣ ਲੱਗ ਪੈਂਦੇ ਹੋ। ਬਾਪ ਆਕੇ ਤੁਹਾਡੀ ਚੜ੍ਹਦੀ ਕਲਾ ਕਰਦੇ ਹਨ। ਬਾਪ ਆਕੇ ਮਨੁੱਖ ਨੂੰ ਦੇਵਤਾ ਬਣਾਉਂਦੇ ਹਨ ਅਤੇ ਸਰਵ ਦਾ ਭਲਾ ਹੋ ਜਾਂਦਾ ਹੈ। ਹੁਣ ਤਾਂ ਸਾਰੇ ਇੱਥੇ ਹਨ, ਬਾਕੀ ਜੋ ਵੀ ਰਹੇ ਹੋਏ ਹਨ, ਉਹ ਆਉਂਦੇ ਰਹਿੰਦੇ ਹਨ। ਜਦ ਤੱਕ ਨਿਰਾਕਾਰੀ ਦੁਨੀਆਂ ਤੋਂ ਸਭ ਆਤਮਾਵਾਂ ਆ ਜਾਣਗੀਆਂ ਉਦੋਂ ਤੱਕ ਤੁਸੀਂ ਇਮਤਿਹਾਨ ਵਿੱਚ ਵੀ ਨੰਬਰਵਾਰ ਪਾਸ ਹੁੰਦੇ ਜਾਵੋਗੇ। ਇਸ ਨੂੰ ਕਿਹਾ ਜਾਂਦਾ ਹੈ ਰੂਹਾਨੀ ਕਾਲੇਜ। ਰੂਹਾਨੀ ਬਾਪ ਰੂਹਾਨੀ ਬੱਚਿਆਂ ਨੂੰ ਪੜ੍ਹਾਉਣ ਆਉਂਦੇ ਹਨ, ਰਾਵਣ ਰਾਜ ਆਇਆ ਤਾਂ ਫਿਰ ਸ਼ਰੀਰ ਛੱਡ ਅਪਵਿੱਤਰ ਰਾਜਾ ਬਣੇ ਅਤੇ ਪਵਿੱਤਰ ਦੇਵਤਾਵਾਂ ਦੇ ਅੱਗੇ ਮੱਥਾ ਟੇਕਣ ਲੱਗੇ। ਆਤਮਾ ਹੀ ਪਤਿਤ ਅਤੇ ਪਾਵਨ ਬਣਦੀ ਹੈ। ਆਤਮਾ ਪਤਿਤ ਤਾਂ ਸ਼ਰੀਰ ਵੀ ਪਤਿਤ ਮਿਲਦਾ ਹੈ। ਸੱਚੇ ਸੋਨੇ ਵਿੱਚ ਖਾਦ ਪੈਂਦੀ ਹੈ ਤਾਂ ਖਾਦ ਦਾ ਜੇਵਰ ਹੋ ਜਾਂਦਾ ਹੈ। ਹੁਣ ਆਤਮਾ ਤੋਂ ਖਾਦ ਨਿਕਲੇ ਕਿਵੇਂ? ਯੋਗ ਅਗਨੀ ਚਾਹੀਦੀ ਹੈ, ਉਸ ਨਾਲ ਤੁਹਾਡੇ ਵਿਕਰਮ ਵਿਨਾਸ਼ ਹੋ ਜਾਣਗੇ। ਆਤਮਾ ਵਿੱਚ ਚਾਂਦੀ, ਤਾਂਬਾ, ਪੈ ਗਿਆ ਹੈ। ਇਹ ਹੈ ਖਾਦ। ਆਤਮਾ ਸੱਚ ਸੋਨਾ ਹੈ। ਹੁਣ ਝੂਠੀ ਬਣ ਗਈ ਹੈ। ਉਹ ਖਾਦ ਨਿਕਲੇ ਕਿਵੇਂ? ਇਹ ਹੈ ਯੋਗ ਅਗਨੀ, ਗਿਆਨ ਚਿਤਾ ਤੇ ਬੈਠੇ ਹੋ। ਅੱਗੇ ਸੀ ਕਾਮ ਚਿਤਾ ਤੇ। ਬਾਪ ਗਿਆਨ ਚਿਤਾ ਤੇ ਬਿਠਾਉਂਦੇ ਹਨ। ਸਿਵਾਏ ਗਿਆਨ ਸਾਗਰ ਬਾਪ ਦੇ ਹੋਰ ਕੋਈ ਗਿਆਨ ਚਿਤਾ ਤੇ ਬਿਠਾ ਨਹੀਂ ਸਕਦਾ। ਮਨੁੱਖ ਭਗਤੀ ਮਾਰਗ ਵਿੱਚ ਕਿੰਨੀ ਪੂਜਾ ਕਰਦੇ ਰਹਿੰਦੇ ਹਨ ਪਰ ਕਿਸੇ ਨੂੰ ਜਾਣਦੇ ਨਹੀਂ। ਹੁਣ ਤੁਸੀਂ ਸਭ ਜਾਣ ਗਏ ਹੋ। ਤੁਸੀਂ ਸਭ ਦੇਵਤਾ ਬਣਦੇ ਹੋ ਤਾਂ ਫਿਰ ਪੂਜਾ ਦੀ ਗੱਲ ਹੀ ਖਤਮ ਹੋ ਜਾਂਦੀ ਹੈ। ਜਦੋਂ ਰਾਵਣ ਰਾਜ ਸ਼ੁਰੂ ਹੁੰਦਾ ਹੈ ਤੱਦ ਭਗਤੀ ਸ਼ੁਰੂ ਹੁੰਦੀ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਸਜਾਵਾਂ ਤੋਂ ਮੁਕਤ ਹੋਣ ਦੇ ਲਈ ਵਿਜੇ ਮਾਲਾ ਦਾ ਦਾਣਾ ਬਣਨ ਦਾ ਪੁਰਸ਼ਾਰਥ ਕਰਨਾ ਹੈ, ਰੂਹਾਨੀ ਪੰਡਾ ਬਣ ਸਾਰਿਆਂ ਨੂੰ ਸ਼ਾਂਤੀਧਾਮ ਦੀ ਯਾਤਰਾ ਕਰਾਉਣੀ ਹੈ।

2. ਯਾਦ ਦੀ ਯਾਤਰਾ ਨੂੰ ਵਧਾਉਂਦੇ - ਵਧਾਉਂਦੇ ਸਾਰੇ ਪਾਪਾਂ ਤੋਂ ਮੁਕਤ ਹੋ ਜਾਣਾ ਹੈ। ਯੋਗ ਅਗਨੀ ਨਾਲ ਆਤਮਾ ਨੂੰ ਸੱਚਾ ਸੋਨਾ ਬਣਾਉਣਾ ਹੈ, ਸਤੋਪ੍ਰਧਾਨ ਬਣਨਾ ਹੈ।

ਵਰਦਾਨ:- ਹਰ ਘੜੀ ਨੂੰ ਅੰਤਿਮ ਘੜੀ ਸਮਝ ਸਦਾ ਏਵਰਰੇਡੀ ਰਹਿਣ ਵਾਲੇ ਤੀਵਰ ਪੁਰਸ਼ਾਰਥੀ ਭਵ

ਆਪਣੀ ਅੰਤਿਮ ਘੜੀ ਦਾ ਕੋਈ ਭਰੋਸਾ ਨਹੀਂ ਹੈ ਇਸਲਈ ਹਰ ਘੜੀ ਨੂੰ ਅੰਤਿਮ ਘੜੀ ਸਮਝਦੇ ਹੋਏ ਏਵਰਰੇਡੀ ਰਹੋ। ਏਵਰਰੇਡੀ ਮਤਲਬ ਤੀਵਰ ਪੁਰਸ਼ਾਰਥੀ। ਇਵੇਂ ਨਹੀਂ ਸੋਚੋ ਕਿ ਹੁਣ ਤਾਂ ਵਿਨਾਸ਼ ਹੋਣ ਵਿੱਚ ਕੁਝ ਟਾਇਮ ਲੱਗੇਗਾ ਫਿਰ ਤਿਆਰ ਹੋ ਜਾਵਾਂਗੇ। ਨਹੀਂ। ਹਰ ਘੜੀ ਅੰਤਿਮ ਘੜੀ ਹੈ ਇਸਲਈ ਸਦਾ ਨਿਰਮੋਹੀ, ਨਿਰਵਿਕਲਪ, ਨਿਰ -ਵਿਅਰਥ..ਵਿਅਰਥ ਵੀ ਨਹੀਂ, ਉਦੋ ਕਹਾਂਗੇ ਏਵਰਰੇਡੀ। ਕੋਈ ਵੀ ਕੰਮ ਭਾਵੇਂ ਰਹੇ ਹੋਏ ਹੋਣ ਪਰ ਤੁਹਾਡੀ ਸਥਿਤੀ ਉਪਰਾਮ ਹੋਵੇ, ਜੋ ਹੋਵੇਗਾ ਉਹ ਚੰਗਾ ਹੋਵੇਗਾ।

ਸਲੋਗਨ:- ਆਪਣੇ ਹੱਥ ਵਿੱਚ ਲਾਅ ਉਠਾਉਣਾ ਵੀ ਕ੍ਰੋਧ ਦਾ ਅੰਸ਼ ਹੈ।

******